ਹੋਰ ਜਾਣਕਾਰੀ ਪ੍ਰਾਪਤ ਕਰੋ
Groundwater.gov.bc.ca

# ਬੀ.ਸੀ. ਵਿੱਚ ਭੂਮੀਗਤ ਪਾਣੀ ਲਈ ਲਾਇਸੈਂਸ ਲੈਣਾ



*ਕੀ ਤੁਸੀਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਦੇ ਹੋ?*

*ਅੱਜ ਹੀ ਅਪਲਾਈ ਕਰ ਕੇ ਆਪਣੇ ਪਾਣੀ ਦੇ ਅਧਿਕਾਰਾਂ ਨੂੰ ਪੱਕਾ ਕਰੋ!*

BRITISH COLUMBIA

## ਕੀ ਤੁਸੀਂ ਆਪਣੇ ਘਰ ਤੋਂ ਇਲਾਵਾ ਹੋਰ ਵਰਤੋਂ (ਜਿਵੇਂ ਕਿ ਗੈਰ-ਘਰੇਲੂ ਮੰਤਵਾਂ) ਲਈ ਖੂਹ ਜਾਂ ਪੱਟੇ ਹੋਏ ਭੂਜਲ (ਜਿਸ ਨੂੰ ਜ਼ਮੀਨੀ ਪਾਣੀ ਕਿਹਾ ਜਾਂਦਾ ਹੈ) ਤੋਂ ਪਾਣੀ ਦੀ ਵਰਤੋਂ ਕਰਦੇ ਹੋ?

ਸਾਰੇ ਸਿੰਚਾਈ ਕਰਨ ਵਾਲੇ, ਉਦਯੋਗ, ਵਾਟਰਵਰਕਸ ਅਤੇ ਹੋਰ ਜੋ ਜ਼ਮੀਨੀ ਪਾਣੀ ਨੂੰ ਖੂਹ ਜਾਂ ਟੋਏ ਤੋਂ ਗੈਰ-ਘਰੇਲੂ ਉਦੇਸ਼ਾਂ ਲਈ ਮੋੜਦੇ ਹਨ ਅਤੇ ਵਰਤਦੇ ਹਨ, ਨੂੰ ਪਾਣੀ ਦੇ ਲਾਇਸੈਂਸ ਲਈ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ। ਇਹ ਲੋੜ 29 ਫਰਵਰੀ, 2016 ਨੂੰ *ਵਾਟਰ ਸਸਟੇਨੇਬਿਲਟੀ ਐਕਟ (Water Sustainability Act) (WSA)* ਦੁਆਰਾ ਲਾਗੂ ਕੀਤੀ ਗਈ ਸੀ।

## ਜੇ ਮੈਂ ਆਪਣੇ ਘਰ ਵਿੱਚ ਆਪਣੇ ਖੂਹ ਦਾ ਪਾਣੀ ਵਰਤਾਂ ਤਾਂ ਕੀ ਹੋਵੇਗਾ?

ਧਰਤੀ ਹੇਠਲੇ ਪਾਣੀ ਦੀ ਘਰੇਲੂ ਵਰਤੋਂ ਨੂੰ ਲਾਇਸੈਂਸ ਤੋਂ ਛੋਟ ਹੈ। ਇਸ ਵਿੱਚ ਇੱਕ ਨਿਜੀ ਨਿਵਾਸ ਵਿੱਚ ਰਹਿਣ ਵਾਲੇ ਲੋਕਾਂ ਦੁਆਰਾ, ਅੱਗ ਦੀ ਰੋਕਥਾਮ, ਨਿਜੀ ਲਾਅਨ ਅਤੇ ਬਾਗ ਨੂੰ ਪਾਣੀ ਦੇਣ (1,000 m2 ਤੱਕ), ਅਤੇ ਘਰੇਲੂ ਜਾਨਵਰਾਂ ਦੁਆਰਾ ਘਰੇਲੂ ਵਰਤੋਂ ਲਈ ਪਾਣੀ ਸ਼ਾਮਲ ਹੈ। ਘਰੇਲੂ ਖੂਹ ਦੇ ਮਾਲਕਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਪਾਣੀ ਦੀ ਵਰਤੋਂ ਬਾਰੇ ਜਾਣੂ ਕਰਵਾਉਣ ਲਈ ਆਪਣੇ ਖੂਹ ਨੂੰ ਮੁਫਤ ਰਜਿਸਟਰ ਕਰਨ ਤਾਂ ਜੋ ਇਸ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਵਧੇਰੇ ਜਾਣਕਾਰੀ ਲਈ **ਭੂਮੀਗਤ ਪਾਣੀ ਦੀ ਘਰੇਲੂ ਵਰਤੋਂ** (Domestic Use of Groundwater) ਲਈ **groundwater.gov.bc.ca** 'ਤੇ ਜਾਓ

## ਮੌਜੂਦਾ ਉਪਭੋਗਤਾਵਾਂ ਲਈ 1 ਮਾਰਚ, 2022 ਤੱਕ ਅਪਲਾਈ ਕਰਨਾ ਲਾਜ਼ਮੀ ਹੈ।

*(ਮੌਜੂਦਾ ਉਪਭੋਗਤਾਵਾਂ ਨੇ 29 ਫਰਵਰੀ, 2016 ਨੂੰ ਜਾਂ ਇਸ ਤੋਂ ਪਹਿਲਾਂ ਭੂਮੀਗਤ ਪਾਣੀ ਦੀ ਵਰਤੋਂ ਕੀਤੀ)* ਇਸ ਤਰੀਕ ਤੋਂ ਬਾਅਦ, ਜਿਨ੍ਹਾਂ ਉਪਭੋਗਤਾਵਾਂ ਨੇ ਅਪਲਾਈ ਨਹੀਂ ਕੀਤਾ ਹੈ, ਉਹ WSA ਦੇ ਤਹਿਤ ਅਪਰਾਧ ਕਰਦੇ ਮੰਨੇ ਜਾਣਗੇ ਜੇਕਰ ਉਹ ਬਿਨਾਂ ਅਪਲਾਈ ਕੀਤੇ ਪਾਣੀ ਦੀ ਵਰਤੋਂ ਕਰਨਾ ਜਾਰੀ ਰੱਖਦੇ ਹਨ ਅਤੇ ਉਨ੍ਹਾਂ ਨੂੰ ਜੁਰਮਾਨੇ ਅਤੇ ਸਜ਼ਾ ਹੋ ਸਕਦੀ ਹੈ, ਅਤੇ ਪਾਣੀ ਦੀ ਵਰਤੋਂ ਬੰਦ ਕਰਨ ਦਾ ਹੁਕਮ ਦਿੱਤਾ ਜਾ ਸਕਦਾ ਹੈ।

1 ਮਾਰਚ, 2022 ਤੋਂ ਬਾਅਦ, ਤੁਹਾਨੂੰ ਇੱਕ ਨਵੇਂ ਬਿਨੈਕਾਰ ਵਜੋਂ ਅਪਲਾਈ ਕਰਨ ਦੀ ਲੋੜ ਹੋਵੇਗੀ, ਤੁਹਾਡੀ ਤਰਜੀਹੀ ਤਰੀਕ ਅਰਜ਼ੀ ਦੀ ਤਰੀਕ ਹੋਵੇਗੀ ਅਤੇ ਜੇਕਰ ਲੋੜੀਂਦਾ ਪਾਣੀ ਨਹੀਂ ਹੈ ਤਾਂ ਤੁਹਾਡੀ ਅਰਜ਼ੀ ਨੂੰ ਰੱਦ ਕੀਤਾ ਜਾ ਸਕਦਾ ਹੈ।

## ਆਪਣੇ ਪਾਣੀ ਦੇ ਅਧਿਕਾਰਾਂ ਨੂੰ ਪੱਕਾ ਕਰਨ ਲਈ ਅੱਜ ਹੀ ਅਪਲਾਈ ਕਰੋ।

ਜ਼ਮੀਨੀ ਪਾਣੀ ਦਾ ਲਾਇਸੈਂਸ ਇਹ ਯਕੀਨੀ ਬਣਾਉਂਦਾ ਹੈ ਕਿ ਇਸ ਬਾਰੇ ਇੱਕ ਨਿਰਪੱਖ ਅਤੇ ਪਾਰਦਰਸ਼ੀ ਵਿਧੀ ਹੈ ਕਿ ਪਾਣੀ ਦੀ ਵਰਤੋਂ ਕੌਣ ਕਰਦਾ ਹੈ, ਜਿਸ ਵਿੱਚ ਕਮੀ ਦੇ ਦੌਰਾਨ ਦਾ ਸਮਾਂ ਵੀ ਸ਼ਾਮਲ ਹੈ। ਪਾਣੀ ਦਾ ਲਾਇਸੈਂਸ ਤੁਹਾਡੀ ਜ਼ਮੀਨ ਨਾਲ ਜੁੜਿਆ ਹੋਇਆ ਹੈ ਅਤੇ ਤੁਹਾਡੇ ਕਾਰੋਬਾਰ ਨੂੰ ਲਾਭ ਪ੍ਰਦਾਨ ਕਰਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਪਾਣੀ ਦੀ ਇੱਕ ਖਾਸ ਮਾਤਰਾ ਦਾ ਅਧਿਕਾਰ, ਜਦੋਂ ਉਪਲਬਧ ਹੋਵੇ
- ਨਵੇਂ ਉਪਭੋਗਤਾਵਾਂ ਅਤੇ ਭਵਿੱਖ ਦੇ ਵਿਕਾਸਾਂ ਤੋਂ ਸੁਰੱਖਿਆ
- ਪਾਣੀ ਦੀ ਕਮੀ ਦੇ ਸਮੇਂ ਦੌਰਾਨ ਵਰਤੋਂ ਦੇ ਪ੍ਰਬੰਧਨ ਲਈ ਇੱਕ ਨਿਰਪੱਖ ਪ੍ਰਣਾਲੀ
- ਤੁਹਾਡੀ ਪ੍ਰਾਪਰਟੀ ਦੇ ਮੁੱਲ ਵਿੱਚ ਵਾਧਾ

## ਮੈਂ ਆਪਣੇ ਧਰਤੀ ਹੇਠਲੇ ਪਾਣੀ ਦੇ ਅਧਿਕਾਰਾਂ ਨੂੰ ਕਿਵੇਂ ਪੱਕਾ ਕਰਾਂ?

**ਮੌਜੂਦਾ ਉਪਭੋਗਤਾ** 1 ਮਾਰਚ, 2022 ਤੱਕ ਅਪਲਾਈ ਕਰ ਸਕਦੇ ਹਨ। ਜੇਕਰ ਤੁਸੀਂ ਡੈਡਲਾਈਨ ਤੱਕ ਅਪਲਾਈ ਕਰਦੇ ਹੋ, ਤਾਂ ਸਰਕਾਰ ਇਸ ਗੱਲ 'ਤੇ ਵਿਚਾਰ ਕਰੇਗੀ ਕਿ ਤੁਸੀਂ ਆਪਣੇ ਸਮੇਂ-ਵਿੱਚ-ਪਹਿਲਾਂ, ਹੱਕ-ਵਿੱਚ -ਪਹਿਲਾਂ (first-in-time, first-in-right) (FITFIR) ਤਰਜੀਹੀ ਤਰੀਕ ਨੂੰ ਸਥਾਪਿਤ ਕਰਨ ਲਈ ਪਹਿਲੀ ਵਾਰ ਪਾਣੀ ਦੀ ਵਰਤੋਂ ਕਦੋਂ ਕੀਤੀ ਸੀ। ਇਹ ਤੁਹਾਡੇ ਪਾਣੀ ਦੀ ਵਰਤੋਂ ਨੂੰ ਨਵੇਂ ਉਪਭੋਗਤਾਵਾਂ ਨਾਲੋਂ ਪਹਿਲ ਦਿੰਦਾ ਹੈ ਜਦੋਂ ਉਹ ਅਪਲਾਈ ਕਰਦੇ ਹਨ, ਅਤੇ ਕਮੀ ਦੇ ਸਮਿਆਂ ਦੌਰਾਨ।

**ਨਵੇਂ ਉਪਭੋਗਤਾ** (ਵਰਤੋਂ ਮਾਰਚ 1, 2016 ਨੂੰ ਜਾਂ ਇਸ ਤੋਂ ਬਾਅਦ ਸ਼ੁਰੂ ਹੋਈ) ਲਈ ਪਾਣੀ ਨੂੰ ਕਾਨੂੰਨੀ ਤੌਰ 'ਤੇ ਮੋੜਨ, ਵਰਤਣ ਜਾਂ ਸਟੋਰ ਕਰਨ ਤੋਂ *ਪਹਿਲਾਂ* ਲਾਇਸੈਂਸ ਲਈ ਅਪਲਾਈ ਕਰਨਾ ਅਤੇ ਪ੍ਰਾਪਤ ਕਰਨਾ ਲਾਜ਼ਮੀ ਹੈ।

## ਲਾਇਸੈਂਸ ਦੀ ਕੀਮਤ ਕਿੰਨੀ ਹੈ?

1 ਮਾਰਚ, 2022 ਤੱਕ ਅਪਲਾਈ ਕਰਨ ਵਾਲੇ ਮੌਜੂਦਾ ਉਪਭੋਗਤਾਵਾਂ (ਵਰਤੋਂ 29 ਫਰਵਰੀ, 2016 ਨੂੰ ਜਾਂ ਇਸ ਤੋਂ ਪਹਿਲਾਂ ਸ਼ੁਰੂ ਹੋਏ) ਲਈ ਇੱਕ ਵਾਰ ਦੀ ਅਰਜ਼ੀ ਫੀਸ (ਘੱਟੋ-ਘੱਟ $250) ਮੁਆਫ ਕੀਤੀ ਜਾਂਦੀ ਹੈ। ਸਾਲਾਨਾ ਰੈਂਟਲ ਪਾਣੀ ਦੀ ਵਰਤੋਂ ਦੇ ਉਦੇਸ਼ ਅਤੇ ਮਾਤਰਾ 'ਤੇ ਅਧਾਰਤ ਹਨ। ਜਦੋਂ ਕਿ ਮੌਜੂਦਾ ਜਾਂ ਨਵੇਂ ਉਪਭੋਗਤਾਵਾਂ ਨੂੰ ਪਾਣੀ ਦੇ ਲਾਇਸੈਂਸ ਲਈ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ, ਪਾਣੀ ਦੀਆਂ ਫੀਸਾਂ ਅਤੇ ਕਿਰਾਏ ਆਮ ਤੌਰ 'ਤੇ ਰਿਜ਼ਰਵ ਜਾਂ ਸੰਧੀ ਵਾਲੀਆਂ ਜ਼ਮੀਨਾਂ 'ਤੇ ਫਸਟ ਨੇਸ਼ਨਜ਼ ਪਾਣੀ ਦੀ ਵਰਤੋਂ ਲਈ ਭੁਗਤਾਨਯੋਗ ਨਹੀਂ ਹੁੰਦੇ ਹਨ।

## ਤੁਹਾਡੇ ਦੁਆਰਾ ਅਪਲਾਈ ਕਰਨ ਤੋਂ ਪਹਿਲਾਂ:

ਅਰਜ਼ੀਆਂ FrontCounter BC ਦੀ ਵੈੱਬਸਾਈਟ ਰਾਹੀਂ ਆਨਲਾਈਨ ਜਮ੍ਹਾਂ ਕੀਤੀਆਂ ਜਾਂਦੀਆਂ ਹਨ ਅਤੇ ਤੁਹਾਡੇ ਖੂਹ ਅਤੇ ਪਾਣੀ ਦੀ ਵਰਤੋਂ ਬਾਰੇ ਕਈ ਜਾਣਕਾਰੀਆਂ ਦੀ ਲੋੜ ਹੁੰਦੀ ਹੈ। ਅਰਜ਼ੀ ਦੀ ਪ੍ਰਕਿਰਿਆ ਦੌਰਾਨ ਸਮਾਂ ਬਚਾਉਣ ਲਈ:

**1. ਇੱਕ ਬੁਨਿਆਦੀ BCeID ਲਈ ਰਜਿਸਟਰ ਕਰੋ।** BC ਔਨਲਾਈਨ ਅਕਾਊਂਟ (BCeID) ਹੋਣ ਨਾਲ ਤੁਸੀਂ ਆਪਣੀ ਅਰਜ਼ੀ ਨੂੰ ਸੇਵ ਕਰ ਸਕਦੇ ਹੋ ਅਤੇ ਬਾਅਦ ਵਿੱਚ ਇਸ 'ਤੇ ਵਾਪਸ ਜਾ ਸਕਦੇ ਹੋ ਜੇਕਰ ਤੁਸੀਂ ਇੱਕ ਸੈਸ਼ਨ ਵਿੱਚ ਅਰਜ਼ੀ ਨੂੰ ਪੂਰਾ ਕਰਨ ਦੇ ਯੋਗ ਨਹੀਂ ਹੋ। **www.bceid.ca** 'ਤੇ ਰਜਿਸਟਰ ਕਰੋ ਅਤੇ ਇੱਕ ਬੁਨਿਆਦੀ BCeID ਚੁਣੋ, ਜੋ ਕਿ ਇੱਕ-ਕਦਮ ਦੀ ਪ੍ਰਕਿਰਿਆ ਹੈ।

**2. ਆਪਣੇ ਖੂਹ (ਖੂਹਾਂ)** ਦੀ ਸਥਿਤੀ, ਡੂੰਘਾਈ ਅਤੇ ਉਸਾਰੀ **ਬਾਰੇ ਜਾਣਕਾਰੀ ਇਕੱਠੀ ਕਰੋ**। ਉਦਾਹਰਣ ਲਈ:

- ਇਹ ਦੇਖਣ ਲਈ **apps.nrs.gov.bc.ca/gwells** ਖੋਜੋ ਕਿ ਕੀ ਤੁਹਾਡੇ ਖੂਹ ਦਾ ਰਿਕਾਰਡ ਮੌਜੂਦ ਹੈ (ਖੂਹ ਦੀ ਪਛਾਣ ਵਾਲੀ ਪਲੇਟ ਨੰਬਰ)
- ਖੂਹ ਦੀ ਉਸਾਰੀ ਦੀਆਂ ਰਿਪੋਰਟਾਂ
- ਪੰਪਿੰਗ ਰਿਕਾਰਡ
- ਪੰਪ ਟੈਸਟ ਦੀਆਂ ਰਿਪੋਰਟਾਂ ਅਤੇ ਪਾਣੀ ਦੀ ਗੁਣਵੱਤਾ ਜਾਂਚ ਦੇ ਨਤੀਜੇ

**3. ਪ੍ਰਾਪਰਟੀ ਅਤੇ ਪਾਣੀ ਦੀ ਵਰਤੋਂ ਦੀ ਜਾਣਕਾਰੀ ਇਕੱਠੀ ਕਰੋ**, ਜਿਸ ਵਿੱਚ ਸ਼ਾਮਲ ਹਨ:

- ਪਾਰਸਲ ਆਈਡੀ ਨੰਬਰ (ਤੁਹਾਡੇ ਪ੍ਰਾਪਰਟੀ ਟੈਕਸ ਨੋਟਿਸ 'ਤੇ 9-ਅੰਕ ਦਾ PID ਨੰਬਰ)

- ਜਿਸ ਮਕਸਦ ਲਈ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ
- ਪਾਣੀ ਦੀ ਹਰੇਕ ਵਰਤੋਂ ਦੇ ਉਦੇਸ਼ ਲਈ ਪਾਣੀ ਦੀ ਵਰਤੋਂ ਦੀ ਮਾਤਰਾ ਦਾ ਅਨੁਮਾਨ
- ਜੇਕਰ ਤੁਹਾਡੇ ਨੋਟਿਸ 'ਤੇ ਇੱਕ ਤੋਂ ਵੱਧ ਨਾਮ ਹਨ, ਤਾਂ ਉਹਨਾਂ ਨੂੰ ਸਹਿ -ਬਿਨੈਕਾਰ ਮੰਨਿਆ ਜਾਂਦਾ ਹੈ

ਤੁਸੀਂ ਖੇਤੀਬਾੜੀ ਪਾਣੀ ਦੀ ਵਰਤੋਂ ਦਾ ਅੰਦਾਜ਼ਾ **ਇੱਥੇ ਲਗਾ ਸਕਦੇ ਹੋ**

**www.bcagriculturewatercalculator.ca**

## 4. ਧਰਤੀ ਹੇਠਲੇ ਪਾਣੀ ਦੀ ਪਹਿਲੀ ਵਾਰ ਵਰਤੋਂ ਕਦੋਂ ਕੀਤੀ ਗਈ ਸੀ ਅਤੇ ਖੂਹ ਤੋਂ ਵਰਤੋਂ ਦਾ ਇਤਿਹਾਸ ਦਿਖਾਉਣ ਲਈ ਸਬੂਤ ਇਕੱਠੇ ਕਰੋ।

ਜੇਕਰ ਤੁਸੀਂ 1 ਮਾਰਚ, 2022 ਤੱਕ ਅਰਜ਼ੀ ਦਿੰਦੇ ਹੋ, ਅਤੇ ਤੁਸੀਂ ਇੱਕ ਮੌਜੂਦਾ ਉਪਭੋਗਤਾ ਹੋ, ਤਾਂ ਤੁਹਾਡੀ ਤਰਜੀਹ ਦੀ ਮਿਤੀ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਦੋਂ ਸ਼ੁਰੂ ਹੋਈ ਇਸ 'ਤੇ ਅਧਾਰਤ ਹੋਵੇਗੀ। ਸਬੂਤਾਂ ਵਿੱਚ ਖੂਹ ਦੇ ਦਸਤਾਵੇਜ਼, ਸਰਕਾਰ ਦੁਆਰਾ ਜਾਰੀ ਸਰਟੀਫਿਕੇਟ ਜਾਂ ਪਰਮਿਟ, ਇਤਿਹਾਸਕ ਰਿਕਾਰਡ ਜਾਂ ਫੋਟੋਆਂ, ਜਾਂ ਰਵਾਇਤੀ ਭੂਮੀ ਵਰਤੋਂ ਅਤੇ ਪੁਰਾਤੱਤਵ ਅਧਿਐਨ ਸ਼ਾਮਲ ਹੋ ਸਕਦੇ ਹਨ।

## 5. ਯਕੀਨੀ ਬਣਾਓ ਕਿ ਤੁਹਾਡੇ ਕੋਲ ਉਚਿਤ ਪਰਮਿਟ ਹਨ।

ਜੇਕਰ ਤੁਹਾਡਾ ਖੂਹ ਜਾਂ ਕੋਈ ਕੰਮ ਕ੍ਰਾਊਨ ਲੈਂਡ 'ਤੇ ਹੁੰਦੇ ਹਨ ਜਾਂ ਉਥੋਂ ਲੰਘਦੇ ਹਨ ਤਾਂ ਤੁਹਾਨੂੰ ਉਸ ਜ਼ਮੀਨ ਦੀ ਵਰਤੋਂ ਕਰਨ ਲਈ ਇਜਾਜ਼ਤ ਲੈਣ ਦੀ ਲੋੜ ਹੋਵੇਗੀ। ਅਧਿਕਾਰ ਕ੍ਰਾਊਨ ਲੈਂਡ ਉੱਤੇ ਪਰਮਿਟ ਦੇ ਰੂਪ ਵਿੱਚ ਹੋ ਸਕਦਾ ਹੈ, ਜਾਂ *ਲੈਂਡ ਐਕਟ* ਦੇ ਤਹਿਤ ਇੱਕ ਹੋਰ ਰਸਮੀ ਕਾਰਜਕਾਲ ਦੇ ਰੂਪ ਵਿੱਚ ਹੋ ਸਕਦਾ ਹੈ। ਜੇਕਰ ਤੁਹਾਨੂੰ ਕ੍ਰਾਊਨ ਲੈਂਡ ਅਧਿਕਾਰ ਦੀ ਲੋੜ ਹੈ ਪਰ ਤੁਹਾਡੇ ਕੋਲ ਪਹਿਲਾਂ ਹੀ ਨਹੀਂ ਹੈ, ਤਾਂ ਤੁਹਾਨੂੰ ਪਾਣੀ ਦੇ ਲਾਇਸੈਂਸ ਦੀ ਅਰਜ਼ੀ ਪ੍ਰਕਿਰਿਆ ਦੇ ਹਿੱਸੇ ਵਜੋਂ ਅਰਜ਼ੀ ਦੇਣ ਲਈ ਕਿਹਾ ਜਾਵੇਗਾ।

**6. ਉਹਨਾਂ ਪ੍ਰਾਪਰਟੀਆਂ ਦਾ ਨਕਸ਼ਾ ਬਣਾਓ ਜਿੱਥੇ ਪਾਣੀ ਵਰਤਿਆ ਜਾਂਦਾ ਹੈ।** ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:

- ਪ੍ਰਾਪਰਟੀ ਦੀਆਂ ਹੱਦਾਂ
- ਕੰਮ (ਖੂਹ ਦਾ ਸਥਾਨ, ਪੰਪ, ਪਾਈਪਾਂ, ਆਦਿ)
- ਮੁੱਖ ਵਿਸ਼ੇਸ਼ਤਾਵਾਂ (ਇਮਾਰਤਾਂ, ਖੇਤ, ਆਦਿ)
- ਉਪਰੋਕਤ ਸਾਰੇ ਦੀ ਪਛਾਣ ਕਰਨ ਵਾਲੇ ਲੇਬਲ

**www.bcagriculturewatercalculator.ca** ਤੁਹਾਡੀ ਪ੍ਰਾਪਰਟੀ ਦਾ ਨਕਸ਼ਾ ਬਣਾਉਣ ਲਈ ਇੱਕ ਤੇਜ਼ ਅਤੇ ਆਸਾਨ ਸਾਧਨ ਹੈ।

**ਆਪਣੀ ਪਾਣੀ ਦੇ ਲਾਇਸੈਂਸ ਦੀ ਅਰਜ਼ੀ ਸ਼ੁਰੂ ਕਰਨ ਲਈ ਤਿਆਰ ਹੋ?**

**www.groundwater.gov.bc.ca 'ਤੇ ਜਾਓ**

**ਨਿਸ਼ਚਿਤ ਨਹੀਂ ਹੋ ਕਿ ਕੀ ਤੁਹਾਨੂੰ ਲਾਇਸੈਂਸ ਦੀ ਲੋੜ ਹੈ?**

FrontCounter BC **ਨਾਲ 1 877 855-3222 'ਤੇ**

**ਜਾਂ FrontCounterBC@gov.bc.ca 'ਤੇ ਸੰਪਰਕ ਕਰੋ।**

**ਸੂਬਾਈ ਜਲ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ**

**www.gov.bc.ca/water 'ਤੇ ਜਾਓ**

**ਅਜੇ ਵੀ ਸਵਾਲ ਹਨ?**

**ਈਮੇਲ: Livingwatersmart@gov.bc.ca**